" ਡਾਇਮੰਡ ਜੁਬਲੀ ਵਰ੍ਹੇ ਵਿਚ ਵਿਸ਼ੇਸ਼ ਅਟੈਂਸ਼ਨ ਦੇਕੇ ਸਮੇਂ ਅਤੇ ਸੰਕਲਪ ਦੇ ਖਜਾਨੇ ਨੂੰ ਜਮਾ ਕਰੋ"

ਅੱਜ ਤ੍ਰਿਮੂਰਤੀ ਰਚਤਾ ਸ਼ਿਵ ਬਾਪ ਬੱਚਿਆਂ ਨੂੰ ਤਿੰਨ ਵਧਾਈਆਂ ਦੇ ਰਹੇ ਹਨ। ਬੱਚੇ ਬਾਪ ਨੂੰ ਵਧਾਈ ਦੇਣ ਆਏ ਹਨ, ਤਾਂ ਬਾਪ ਰਿਟਰਨ ਵਿੱਚ ਤਿੰਨ ਵਧਾਈਆਂ ਦੇ ਰਹੇ ਹਨ। ਇੱਕ ਸ਼ਿਵ ਜਯੰਤੀ ਦੀ, ਦੂਸਰੀ ਡਾਇਮੰਡ ਜੁਬਲੀ ਦੀ ਅਤੇ ਤੀਸਰੀ ਵਰਤਮਾਨ ਸਮੇਂ ਉਮੰਗ - ਉਤਸਾਹ ਨਾਲ ਸੇਵਾ ਕਰਨ ਦੀ ਵਧਾਈ। ਤਾਂ ਤਿੰਨ ਵਧਾਈਆਂ ਚਾਰੋ ਪਾਸੇ ਦੇ ਬੱਚਿਆਂ ਨੂੰ ਬਾਪ ਦੇ ਰਹੇ ਹਨ। ਬਾਪ ਦੇ ਕੋਲ ਸਭ ਦੇ ਦਿਲਾਂ ਦੇ ਉਮੰਗ - ਉਤਸਾਹ ਦੇ ਸੇਵਾ ਦੇ ਸਮਾਚਾਰ ਪਹੁੰਚਦੇ ਰਹਿੰਦੇ ਹਨ। ਇਹ ਅਲੌਕਿਕ ਜਯੰਤੀ ਸਾਰੇ ਕਲਪ ਵਿੱਚ ਨਹੀਂ ਹੁੰਦੀ ਹੈ ਕਿਉਂਕਿ ਸਾਰੇ ਕਲਪ ਵਿੱਚ ਭਾਵੇਂ ਦੇਵ ਆਤਮਾ ਹੋਵੇ, ਭਾਵੇਂ ਮਹਾਤਮਾ ਹੋਵੇ, ਭਾਵੇਂ ਸਧਾਰਨ ਆਤਮਾਵਾਂ ਹੋਣ ਲੇਕਿਨ ਆਤਮਾਵਾਂ, ਆਤਮਾ ਦੀ ਜਯੰਤੀ ਮਨਾਉਂਦੇ ਹਨ। ਅਤੇ ਇਸ ਸੰਗਮ ਤੇ ਤੁਸੀਂ ਸ੍ਰੇਸ਼ਠ ਆਤਮਾਵਾਂ ਕਿਸ ਦੀ ਜਯੰਤੀ ਮਨਾਉਣ ਆਏ ਹੋ? ਪਰਮ ਆਤਮਾ ਦੀ ਅਤੇ ਪਰਮ ਆਤਮਾ ਬਾਪ ਬੱਚਿਆਂ ਦੀ ਜਯੰਤੀ ਮਨਾਉਂਦੇ ਹਨ। ਸਤਿਯੁਗ - ਤ੍ਰੇਤਾ ਵਿੱਚ ਵੀ ਪਰਮ ਆਤਮਾ ਤੁਹਾਡੀ ਜਯੰਤੀ ਨਹੀਂ ਮਨਾਉਣਗੇ ਜਾਂ ਤੁਸੀਂ ਪਰਮਾਤਮਾ ਦੀ ਜਯੰਤੀ ਨਹੀਂ ਮਨਾਓਗੇ। ਤਾਂ ਕਿੰਨੇ ਪਦਮ - ਪਦਮ - ਪਦਮ ਗੁਣਾਂ ਭਾਗਵਾਨ ਆਤਮਾ ਹੋ। ਇਵੇਂ ਕਦੇ ਆਪਣੇ ਸ੍ਰੇਸ਼ਠ ਭਾਗ ਨੂੰ ਸੁਪਨੇ ਵਿਚ ਵੀ ਸੋਚਿਆ ਹੋਵੇਗਾ? ਨਹੀਂ ਸੋਚਿਆ? ਲੇਕਿਨ ਅੱਜ ਸਾਕਾਰ ਰੂਪ ਵਿਚ ਮਨਾ ਰਹੇ ਹੋ। ਤਾਂ ਖੁਸ਼ੀ ਹੈ ਨਾ! ਦੇਖੋ ਭਾਵੇਂ ਦੇਸ਼ ਵਾਲੇ, ਭਾਵੇਂ ਵਿਦੇਸ਼ ਵਾਲੇ, ਭਾਵੇਂ ਮਧੂਬਨ ਵਾਲੇ, ਜੋ ਵੀ ਇਸ ਗਰੁੱਪ ਵਿਚ ਬੈਠੇ ਹਨ, ਕਿੰਨੇ ਲੱਕੀ ਹਨ। ਅੰਦਰ ਕੀ ਗੀਤ ਗਾਉਂਦੇ ਹੋ? ਵਾਹ ਮੇਰਾ ਭਾਗ! ਅਤੇ ਬਾਪ ਵੀ ਗੀਤ ਗਾਉਂਦੇ ਹਨ ਵਾਹ ਬੱਚਿਆਂ ਦਾ ਭਾਗ! ਵਿਸ਼ੇਸ਼ ਸੇਵਾ ਦਾ ਗਰੁੱਪ ਬੈਠਾ ਹੈ ਨਾ, ਸਭ ਪਾਸੇ ਦੇ ਵਿਸ਼ੇਸ਼ ਹਨ ਨਾ! ਤਾਂ ਵਿਸ਼ੇਸ਼ ਸੇਵਾ ਦਾ ਵਿਸ਼ੇਸ਼ ਪ੍ਰਤੱਖਫਲ ਪ੍ਰਾਪਤ ਕਰਨ ਵਾਲੀਆਂ ਆਤਮਾਵਾਂ ਹੋ! ਤਾਂ ਬਾਪ ਵੀ ਅਜਿਹੇ ਸ੍ਰੇਸ਼ਠ ਬੱਚਿਆਂ ਨੂੰ ਵੇਖ ਹਰਸ਼ਿਤ ਹੁੰਦੇ ਹਨ। ਬੱਚੇ ਜਿਆਦਾ ਹਰਸ਼ਿਤ ਹੁੰਦੇ ਹਨ ਜਾਂ ਬਾਪ ਹੁੰਦੇ ਹਨ? ਦੋਵੇਂ। ਜਾਂ ਬਾਪ ਜਿਆਦਾ ਹੁੰਦਾ ਹੈ? ਤੁਸੀਂ ਜਿਆਦਾ ਹੁੰਦੇ ਹੋ। ਅੱਛਾ।

ਅੱਜ ਬਾਪਦਾਦਾ ਚਾਰੋਂ ਪਾਸੇ ਦੇ ਸੇਵਾਦਾਰੀ ਡਾਇਮੰਡ ਦੀ ਮਾਲਾ ਵੇਖ ਰਹੇ ਹਨ। ਤੁਸੀਂ ਸਭ ਮਾਲਾ ਵਿਚ ਹੋ ਨਾ? ਬਾਪ ਦੇ ਗਲੇ ਵਿਚ ਡਾਇਮੰਡ ਬਣ ਚਮਕਣ ਵਾਲੇ ਮਾਲਾ ਦੇ ਦਾਣੇ ਹੋ ਜਾਂ ਹੋਰ ਕੋਈ ਹੋ? ਤੁਸੀਂ ਹੀ ਹੋ ਹੋਰ ਨਹੀਂ? ਲੋਕੀ ਕਹਿੰਦੇ ਹਨ ਕਿ 108 ਦੀ ਮਾਲਾ ਲੇਕਿਨ ਬਾਪਦਾਦਾ ਦੇ ਗਲੇ ਵਿਚ ਤੁਸੀਂ ਸਾਰੇ ਡਾਇਮੰਡਜ਼ ਦੀ ਕਿੰਨੀ ਲੰਬੀ ਮਾਲਾ ਹੈ? 108 ਤਾਂ ਤੁਸੀਂ ਹੇਠਾਂ ਬੈਠੇ ਹੋਏ ਹੋ ਜਾਵੋਗੇ। ਪਿੱਛੇ ਵਾਲੇ ਵੀ ਹੋ ਨਾ? ਪਹਿਲੇ ਪਿੱਛੇ ਵਾਲੇ। ਦੇਖੋ ਇਹ ਵੀ ਤਿਆਗ ਦਾ ਪ੍ਰਤੱਖ ਫਲ ਹੈ ਕਿ ਬਾਪਦਾਦਾ ਪਿੱਛੇ ਵਾਲਿਆਂ ਨੂੰ ਜਿਆਦਾ ਮੁਬਾਰਕ ਦਿੰਦੇ ਹਨ। ਅਤੇ ਉਸ ਤੋਂ ਜਿਆਦਾ ਹੇਠਾਂ ਵਾਲਿਆਂ ਨੂੰ।

ਬਾਪਦਾਦਾ ਹਰ ਇੱਕ ਬੱਚੇ ਦੀ ਵਿਸ਼ੇਸ਼ਤਾ ਨੂੰ ਦੇਖਦੇ ਹਨ। ਭਾਵੇਂ ਸੰਪੂਰਨ ਨਹੀਂ ਬਣੇ ਹਨ, ਪੁਰਸ਼ਾਰਥੀ ਹਨ ਲੇਕਿਨ ਅਜਿਹਾ ਇੱਕ ਵੀ ਬਾਪ ਦਾ ਬੱਚਾ ਨਹੀਂ ਹੈ ਜਿਸ ਵਿਚ ਕੋਈ ਵਿਸ਼ੇਸ਼ਤਾ ਨਹੀਂ ਹੋਵੇ। ਸਭ ਵਿਚ ਵਿਸ਼ੇਸ਼ਤਾ ਹੈ। ਸਭ ਤੋਂ ਪਹਿਲੇ ਵਿਸ਼ੇਸ਼ਤਾ ਤਾਂ ਕੋਟਾਂ ਵਿੱਚੋ ਕੋਈ ਦੀ ਲਿਸਟ ਵਿੱਚ ਤੇ ਹੈ ਨਾ। ਹੋਰ ਵਿਸ਼ੇਸ਼ਤਾ ਇਹ ਹੈ ਕਿ ਵੱਡੇ - ਵੱਡੇ ਤਪੱਸਵੀ ਮਹਾਨ ਆਤਮਾਵਾਂ, 16108 ਜਗਤ ਗੁਰੂ, ਭਾਵੇਂ ਸ਼ਾਸਤਰਵਾਦੀ ਹਨ, ਭਾਵੇਂ ਮਹਾਮੰਡਲੇਸ਼ਵਰ ਹਨ ਲੇਕਿਨ ਬਾਪ ਨੂੰ ਨਹੀਂ ਜਾਣਿਆ ਅਤੇ ਬਾਪ ਦੇ ਸਾਰੇ ਬੱਚਿਆਂ ਨੇ ਬਾਪ ਨੂੰ ਤਾਂ ਜਾਣ ਲਿਆ ਨਾ। ਤਾਂ ਬਾਪ ਨੂੰ ਜਾਨਣਾ ਇਹ ਕਿੰਨੀ ਵੱਡੀ ਵਿਸ਼ੇਸ਼ਤਾ ਹੈ। ਦਿਲ ਤੋਂ ' ਮੇਰਾ ਬਾਬਾ ' ਤਾਂ ਕਹਿੰਦੇ ਹੋ ਨਾ। ਮੇਰਾ ਕਹਿ ਕੇ ਅਧਿਕਾਰੀ ਤੇ ਬਣ ਗਏ ਨਾ। ਤਾਂ ਇਸ ਨੂੰ ਕੀ ਕਹੋਗੇ? ਜਿਸ ਨੇ ਬਾਪ ਨੂੰ ਪਰਖ ਲਿਆ, ਪਹਿਚਾਣ ਲਿਆ, ਤਾਂ ਪਹਿਚਾਨਣਾ ਇਹ ਵੀ ਬੁੱਧੀ ਦੀ ਵਿਸ਼ੇਸ਼ਤਾ ਹੈ, ਪਰਖਣ ਦੀ ਸ਼ਕਤੀ ਹੈ। ਤਾਂ ਤੁਸੀਂ ਸਭ ਦੇ ਪਰਖਣ ਦੀ ਸ਼ਕਤੀ ਸ੍ਰੇਸ਼ਠ ਹੈ। ਅੱਛਾ, ਅੱਜ ਵਿਸ਼ੇਸ਼ ਮਨਾਉਣ ਆਏ ਹੋ ਨਾ? ਅੱਜ ਮਨਾਉਣ ਦਾ ਦਿਨ ਹੈ ਜਾਂ ਅੱਜ ਵੀ ਸੁਣਨ ਦਾ ਦਿਨ ਹੈ? ਸੁਣਨਾ ਵੀ ਹੈ? ਅੱਛਾ।

ਤਾਂ ਸ਼ਿਵਰਾਤ੍ਰੀ ਕਹਿੰਦੇ ਹਨ ਲੇਕਿਨ ਤੁਹਾਡੇ ਲਈ ਹੁਣ ਕੀ ਹੈ? ਤੁਹਾਡੇ ਲਈ ਰਾਤ ਨਹੀਂ ਹੈ ਤਾਂ ਕੀ ਹੈ? ਅੰਮਿਤਵੇਲਾ ਹੈ? ਤੁਸੀਂ ਤਾਂ ਰਾਤ੍ਰੀ ਵਿੱਚੋ ਨਿਕਲ ਗਏ ਜਾਂ ਥੋੜ੍ਹੀ - ਥੋੜ੍ਹੀ ਰਾਤ੍ਰੀ ਹਾਲੇ ਹੈ? ਛੁੱਟੀ ਲੈ ਗਈ? ਕਿਸੇ ਵੀ ਤਰ੍ਹਾਂ ਦਾ ਹਨੇਰਾ ਆਉਂਦਾ ਹੈ ਕਿ ਖਤਮ ਹੋ ਗਿਆ? ਅਮ੍ਰਿਤਵੇਲਾ ਸਦਾ ਵਰਦਾਨ ਦਾ ਸਮਾਂ ਹੈ ਤਾਂ ਤੁਹਾਨੂੰ ਰੋਜ਼ ਵਰਦਾਨ ਮਿਲਦਾ ਹੈ ਨਾ? ਤਾਂ ਤੁਸੀਂ ਕਹੋਗੇ ਬਾਪ ਆਉਂਦਾ ਰਾਤ੍ਰੀ ਵਿੱਚ ਹੈ ਲੇਕਿਨ ਸਾਡੇ ਲਈ ਅੰਮ੍ਰਿਤਵੇਲਾ ਗੋਲਡਨ ਮੋਰਨਿੰਗ, ਡਾਇਮੰਡ ਮੋਰਨਿੰਗ ਹੋ ਗਈ। ਤਾਂ ਅਜਿਹਾ ਵਰਦਾਨੀ ਸਵਰੂਪ ਆਪਣਾ ਵੇਖਦੇ ਹੋ? ਮਾਇਆ ਵਰਦਾਨ ਭੁਲਾ ਤਾਂ ਨਹੀਂ ਦਿੰਦੀ? ਆਉਂਦੀ ਹੈ ਮਾਇਆ? ਕਦੇ - ਕਦੇ ਤਾਂ ਆਉਂਦੀ ਹੈ? ਮਾਇਆ ਤੇ ਲਾਸ੍ਟ ਘੜੀ ਤੱਕ ਆਵੇਗੀ। ਇਵੇਂ ਨਹੀਂ ਆਵੇਗੀ। ਲੇਕਿਨ ਮਾਇਆ ਦਾ ਕੰਮ ਹੈ ਆਉਣਾ ਅਤੇ ਤੁਹਾਡਾ ਕੰਮ ਹੈ ਦੂਰ ਤੋਂ ਭਜਾਉਣਾ। ਆ ਜਾਵੇ ਫਿਰ ਭਜਾਓ, ਇਹ ਨਹੀਂ। ਇਹ ਟਾਇਮ ਹੁਣ ਖਤਮ ਹੋਇਆ। ਮਾਇਆ ਆਵੇ ਅਤੇ ਤੁਹਾਨੂੰ ਹਿਲਾਵੇ ਫਿਰ ਤੁਸੀਂ ਭਜਾਓ, ਟਾਇਮ ਤੇ ਗਿਆ ਨਾ! ਲੇਕਿਨ ਸਾਇਲੇਂਸ ਦੇ ਸਾਧਨਾ ਨਾਲ ਤੁਸੀਂ ਦੂਰ ਤੋਂ ਹੀ ਪਹਿਚਾਣ ਸਕਦੇ ਹੋ ਕਿ ਇਹ ਮਾਇਆ ਹੈ। ਉਸ ਵਿੱਚ ਵੀ ਟਾਇਮ ਵੇਸਟ ਨਹੀਂ ਕਰੋ ਅਤੇ ਮਾਇਆ ਵੀ ਵੇਖਦੀ ਹੈ ਨਾ ਕਿ ਚੱਲੋ ਆਉਣ ਤਾਂ ਦਿੰਦੇ ਹਾਂ ਨਾ, ਤਾਂ ਆਦਤ ਪੈ ਜਾਂਦੀ ਹੈ ਆਉਣ ਦੀ। ਜਿਵੇਂ ਕਿਸੇ ਪਸ਼ੂ

ਨੂੰ, ਜਾਨਵਰ ਨੂੰ ਆਪਣੇ ਘਰ ਵਿਚ ਆਉਣ ਆਦਤ ਪਾ ਦਵੋ ਫਿਰ ਤੰਗ ਹੋਕੇ ਭਜਾਓ ਵੀ ਲੇਕਿਨ ਆਦਤ ਤਾਂ ਪੈ ਜਾਂਦੀ ਹੈ ਨਾ! ਅਤੇ ਬਾਪ ਨੇ ਸੁਣਾਇਆ ਸੀ ਕਿ ਕਈ ਬੱਚੇ ਤਾਂ ਮਾਇਆ ਨੂੰ ਚਾਹ - ਪਾਣੀ ਵੀ ਪਿਲਾਉਂਦੇ ਹਨ। ਚਾਹ - ਪਾਣੀ ਕਿਹੜੀ ਪਿਲਾਉਂਦੇ ਹੋ? ਪਤਾ ਹੈ ਨਾ? ਕੀ ਕਰਾਂ, ਕਿਵੇਂ ਕਰਾਂ, ਹਾਲੇ ਤਾਂ ਪੁਰਸ਼ਾਰਥੀ ਹਾਂ, ਹਾਲੇ ਤਾਂ ਸੰਪੂਰਨ ਨਹੀਂ ਬਣੇ ਹਾਂ, ਆਖਿਰ ਹੋ ਜਾਣਗੇ - ਇਹ ਸੰਕਲਪ ਚਾਹ - ਪਾਣੀ ਹੈ। ਤਾਂ ਉਹ ਵੇਖਦੀ ਹੈ ਚਾਹ - ਪਾਣੀ ਤੇ ਮਿਲਦਾ ਹੈ। ਕਿਸੇ ਨੂੰ ਵੀ ਜੇਕਰ ਚਾਹ - ਪਾਣੀ ਪਿਲਾਓ ਤਾਂ ਉਹ ਜਾਵੇਗਾ ਜਾਂ ਬੈਠ ਜਾਵੇਗਾ? ਤਾਂ ਜਦੋਂ ਵੀ ਕੋਈ ਪ੍ਰਸਥਿਤੀ ਆਉਂਦੀ ਹੈ ਤਾਂ ਕਿਓਂ, ਕੀ ਕਿਵੇਂ, ਕਦੇ - ਕਦੇ ਤਾਂ ਹੁੰਦਾ ਹੀ ਹੈ, ਹਾਲੇ ਕੌਣ ਪਾਸ ਹੋਇਆ ਹੈ, ਸਭ ਦੇ ਕੋਲ ਹੈ - ਇਹ ਹੈ ਮਾਇਆ ਦੀ ਖਾਤਰ ਕਰਨਾ। ਕੁਝ ਨਮਕੀਨ, ਕੁਝ ਮਿੱਠਾ ਵੀ ਖਿਲਾ ਦਿੰਦੇ ਹੋ। ਅਤੇ ਫਿਰ ਕੀ ਕਰਦੇ ਹੋ? ਫਿਰ ਤੰਗ ਹੋਕੇ ਕਹਿੰਦੇ ਹੋ ਹੁਣ ਬਾਬਾ ਤੁਸੀਂ ਹੀ ਭਜਾਓ। ਆਉਣ ਤੇ ਤੁਸੀਂ ਦਿੰਦੇ ਹੋ ਅਤੇ ਭਜਾਏ ਬਾਬਾ, ਕਿਓਂ? ਆਉਣ ਕਿਓਂ ਦਿੰਦੇ ਹੋ? ਮਾਇਆ ਬਾਰ - ਬਾਰ ਕਿਓਂ ਆਉਂਦੀ ਹੈ? ਹਰ ਵੇਲੇ, ਹਰ ਕਰਮ ਕਰਦੇ, ਤ੍ਰਿਕਾਲਦ੍ਰਸ਼ੀ ਦੀ ਸੀਟ ਤੇ ਸੈਟ ਨਹੀਂ ਹੁੰਦੇ ਹੋ। ਤ੍ਰਿਕਾਲਦ੍ਰਸ਼ੀ ਮਤਲਬ ਪਾਸਟ, ਪ੍ਰੇਜੇਂਟ ਅਤੇ ਫਿਊਚਰ ਨੂੰ ਜਾਨਣ ਵਾਲੇ। ਤਾਂ ਕਿਓਂ, ਕੀ ਨਹੀਂ ਕਰਨਾ ਪਵੇਗਾ। ਤ੍ਰਿਕਾਲਦ੍ਰਸ਼ੀ ਹੋਣ ਦੇ ਕਾਰਨ ਪਹਿਲੇ ਤੋਂ ਹੀ ਜਾਣ ਲਵੋਗੇ ਕਿ ਇਹ ਗੱਲਾਂ ਤੇ ਆਉਣੀਆਂ ਹਨ, ਹੋਣੀਆਂ ਹਨ, ਭਾਵੇਂ ਖੁਦ ਦਵਾਰਾ, ਭਾਵੇਂ ਹੋਰਾਂ ਦਵਾਰਾ, ਭਾਵੇਂ ਮਾਇਆ ਦਵਾਰਾ, ਭਾਵੇਂ ਪ੍ਰਕ੍ਰਿਤੀ ਦਵਾਰਾ, ਸਭ ਤਰ੍ਹਾਂ ਨਾਲ ਪ੍ਰਸਥਿਤੀਆਂ ਤਾਂ ਆਉਣਗੀਆਂ, ਆਉਣੀਆਂ ਹੀ ਹਨ। ਲੇਕਿਨ ਖੁਦ ਦੀ ਸਥਿਤੀ ਸ਼ਕਤੀਸ਼ਾਲੀ ਹੈ ਤਾਂ ਪਰ - ਸਥਿਤੀ ਉਸ ਦੇ ਅੱਗੇ ਕੁਝ ਵੀ ਨਹੀਂ ਹੈ। ਪਰ - ਸਥਿਤੀ ਵੱਡੀ ਜਾਂ ਸਵ - ਸਥਿਤੀ ਵੱਡੀ? ਜਾਂ ਕਦੇ ਸਵ ਸਥਿਤੀ ਵੱਡੀ ਹੋ ਜਾਂਦੀ, ਕਦੇ ਪਰ - ਸਥਿਤੀ? ਤਾਂ ਇਸ ਦਾ ਸਾਧਨ ਹੈ - ਇੱਕ ਤਾਂ ਆਦਿ - ਮਧ - ਅੰਤ ਤਿੰਨਾਂ ਕਾਲਾਂ ਨੂੰ ਚੈਕ ਕਰਕੇ, ਸਮਝ ਕੇ ਫਿਰ ਕੁਝ ਵੀ ਕਰੋ। ਸਿਰਫ ਵਰਤਮਾਨ ਨਹੀਂ ਵੇਖੋ। ਸਿਰਫ ਵਰਤਮਾਨ ਵੇਖਦੇ ਹੋ ਤਾਂ ਕਦੇ ਪ੍ਰਸਥਿਤੀ ਉੱਚੀ ਹੋ ਜਾਂਦੀ ਅਤੇ ਕਦੇ ਖੁਦ ਦੀ ਸਥਿਤੀ ਉੱਚੀ ਹੋ ਜਾਂਦੀ। ਦੁਨੀਆ ਵਿਚ ਵੀ ਕਹਿੰਦੇ ਹਨ ਪਹਿਲੇ ਸੋਚੋ ਫਿਰ ਕਰੋ। ਨਹੀਂ ਤਾਂ ਜੋ ਸੋਚ ਕੇ ਨਹੀਂ ਕਰਦੇ ਤਾਂ ਪਿੱਛੇ ਸੋਚਣਾ ਪਸ਼ਚਾਤਾਪ ਦਾ ਰੂਪ ਹੋ ਜਾਂਦਾ ਹੈ। ਇਵੇਂ ਨਹੀਂ ਕਰਦੇ, ਇਵੇਂ ਕਰਦੇ, ਤਾਂ ਪਿੱਛੇ ਸੋਚਣਾ ਮਤਲਬ ਪਸ਼ਚਾਤਾਪ ਦਾ ਰੂਪ ਅਤੇ ਪਹਿਲੇ ਸੋਚਣਾ ਇਹ ਗਿਆਨੀ ਤੂ ਆਤਮਾ ਦਾ ਗੁਣ ਹੈ। ਦਵਾਪਰ - ਕਲਯੁੱਗ ਵਿਚ ਤਾਂ ਅਨੇਕ ਤਰ੍ਹਾਂ ਦੇ ਪਸ਼ਚਾਤਾਪ ਹੀ ਕਰਦੇ ਰਹੇ ਹੋ ਨਾ? ਲੇਕਿਨ ਹੁਣ ਸੰਗਮ ਤੇ ਪਸ਼ਚਾਤਾਪ ਕਰਨਾ ਮਤਲਬ ਗਿਆਨੀ ਤੂ ਆਤਮਾ ਨਹੀਂ ਹੈ। ਅਜਿਹਾ ਆਪਣੇ ਨੂੰ ਬਣਾਓ ਜੋ ਖੁਦ ਵਿੱਚ ਵੀ, ਮਨ ਵਿਚ ਇੱਕ ਸੈਕਿੰਡ ਵੀ ਪਸ਼ਚਾਤਾਪ ਨਾ ਹੋਵੇ।

ਤਾਂ ਇਸ ਡਾਇਮੰਡ ਜੁਬਲੀ ਵਿੱਚ ਵਿਸ਼ੇਸ਼ ਸਾਰੇ ਦਿਨ ਵਿੱਚ ਇੱਕ ਸਮੇਂ ਅਤੇ ਦੂਸਰਾ ਸੰਕਲਪ - ਇਨ੍ਹਾਂ ਦੋ ਖਜਾਨਿਆਂ ਤੇ ਅਟੈਂਸ਼ਨ ਰੱਖਣਾ। ਉਵੇਂ ਖਜਾਨੇ ਤੇ ਬਹੁਤ ਹਨ ਲੇਕਿਨ ਵਿਸ਼ੇਸ਼ ਇਨ੍ਹਾਂ ਦੋ ਖਜਾਨਿਆਂ ਦੇ ਉਪਰ ਅਟੈਂਸ਼ਨ ਦੇਣਾ ਹੈ। ਹਰ ਦਿਨ ਸੰਕਲਪ ਸ੍ਰੇਸ਼ਠ, ਸ਼ੁਭ ਕਿਨਾਂ ਜਮਾਂ ਕੀਤਾ? ਕਿਉਂਕਿ ਪੂਰੇ ਕਲਪ ਦੇ ਲਈ ਜਮਾਂ ਕਰਨ ਦੀ ਬੈਂਕ ਹੁਣੇ ਖੁਲਦੀ ਹੈ। ਸਤਿਯੁਗ ਦੇ ਵਿੱਚ ਇਹ ਬੈਂਕ ਜਮਾਂ ਦੀ ਬੰਦ ਹੋ ਜਾਵੇਗੀ। ਇਹ ਬੈਂਕ ਵੀ ਨਹੀਂ ਹੋਣਗੇ, ਦੂਸਰੇ ਬੈਂਕ ਵੀ ਨਹੀਂ ਹੋਣਗੇ। ਇਤਨਾ ਧਨ ਤੁਹਾਡੇ ਕੋਲ ਹੋਵੇਗਾ ਜੋ ਕਿਸੇ ਤੋਂ ਵੀ ਕੁੱਝ ਲੈਣ ਦੀ ਲੋੜ ਨਹੀਂ ਹੋਵੇਗੀ। ਬੈਂਕ ਵਿਚ ਕਿਓਂ ਰੱਖਦੇ ਹੋ?

ਇੱਕ ਤਾਂ ਸੇਫਟੀ ਅਤੇ ਦੂਜਾ ਵਿਆਜ ਮਿਲਦਾ ਹੈ। ਕਈ ਬਹੁਤ ਹੁਸ਼ਿਆਰ ਹੁੰਦੇ ਹਨ ਜੋ ਵਿਆਜ ਨਾਲ ਹੀ ਚਲਦੇ ਰਹਿੰਦੇ ਹਨ। ਅਤੇ ਇਸ ਵੇਲੇ ਤੇ ਜੇਕਰ ਅਜਿਹੇ ਹੁਸ਼ਿਆਰ ਹਨ ਤਾਂ ਚੰਗੇ ਹਨ, ਜਮਾਂ ਕਰਦੇ ਹਨ ਨਾ। ਲੇਕਿਨ ਵਿਆਜ ਕਿਸ ਪਾਸੇ ਲਗਾਉਂਦੇ ਹਨ ਉਹ ਦੇਖਣਾ ਹੈ। ਤਾਂ ਸਤਿਯੁਗ ਵਿੱਚ ਨਾ ਇਹ ਬੈਂਕ ਹੋਵੇਗੀ, ਨਾ ਰੂਹਾਨੀ ਖਜਾਨੇ ਜਮਾਂ ਕਰਨ ਦੀ ਬੈਂਕ ਹੋਵੇਗੀ। ਦੋਵੇਂ ਬੈਂਕਾਂ ਨਹੀਂ ਹੋਣਗੀਆਂ। ਇਸ ਵੇਲੇ ਇੱਕ ਦਾ ਪਦਮਗੁਣਾਂ ਕਰਕੇ ਦੇਣ ਦੀ ਬੈਂਕ ਹੈ ਲੇਕਿਨ ਇੱਕ ਜਮਾ ਕਰੋਗੇ ਤਾਂ ਪਦਮ ਮਿਲੇਗਾ, ਇਵੇਂ ਨਹੀਂ। ਹਿਸਾਬ ਹੈ। ਤਾਂ ਡਾਇਮੰਡ ਜੁਬਲੀ ਤੇ ਸੱਚੇ ਡਾਇਮੰਡ ਬਣਨਾ ਹੀ ਹੈ, ਇਹ ਤੇ ਪੱਕਾ ਹੈ ਨਾ? ਕਿ ਕਦੇ ਸੰਕਲਪ ਆਉਂਦਾ ਹੈ ਕਿ ਪਤਾ ਨਹੀਂ ਬਣ ਸਕੇਂਗੇ ਜਾ ਨਹੀਂ? ਪਤਾ ਨਹੀਂ, ਤਾਂ ਨਹੀਂ ਆਉਂਦਾ? ਕੁਝ ਵੀ ਹੋਵੇ, ਤਿਆਗ ਕਰਨਾ ਪਵੇ, ਤਪੱਸਿਆ ਕਰਨੀ ਪਵੇ, ਨਿਰਮਾਨ ਬਣਨਾ ਪਵੇ, ਕੁਝ ਵੀ ਹੋ ਜਾਵੇ, ਬਣਨਾ ਜਰੂਰ ਹੈ। ਹੈ? ਬੋਲੋ, ਹਾਂ ਜੀ, ਜਾਂ ਨਾ ਜੀ? ( ਹਾਂ ਜੀ ) ਦੇਖਣਾ, ਹਾਂ ਜੀ ਕਹਿਣਾ ਤਾਂ ਬਹੁਤ ਸਹਿਜ ਹੈ। ਹਾਂ ਜੀ ਬਣਨਾ ਇਸ ਵਿਚ ਅਟੈਂਸ਼ਨ ਦੇਣਾ ਪਵੇਗਾ। ਪਹਿਲਾ - ਪਹਿਲਾ ਤਿਆਗ ਇਹ ' ਮੈਂ ' ਸ਼ਬਦ ਹੈ। ਇਹ ' ਮੈਂ,' ਸ਼ਬਦ ਹੈ ਬਹੁਤ ਪੁਰਾਣਾ ਲੇਕਿਨ ਅੱਜਕਲ ਇਹ ਬਹੁਤ ਰਾਇਲ ਰੂਪ ਦਾ ਹੋ ਗਿਆ ਹੈ। ਇਹ ਮੈਂ ਸ਼ਬਦ ਖਤਮ ਹੋ ਭਾਸ਼ਾ ਵਿਚ ਵੀ ,' ਬਾਬਾ - ਬਾਬਾ ' ਸ਼ਬਦ ਆ ਜਾਵੇ। ਕਹਿਣ ਵਿੱਚ ਵੇਖੋ ਸਧਾਰਨ ਗੱਲ ਹੈ, ਮੈਂ ਯੋਗ ਹਾਂ ਨਾ, ਤਾਂ ਯੋਗ ਹਾਂ ਫਿਰ ਸੇਲਵੇਸ਼ਨ ਜਾਂ ਸੇਵਾ ਉਸ ਪ੍ਰਮਾਣ ਮਿਲਣੀ ਚਾਹੀਦੀ ਹੈ। ਮੈਂ ਯੋਗ ਹਾਂ, ਮੈਂ ਕਰਦੀ ਹਾਂ, ਤਾਂ ਇਹ ਰਾਇਟ ਹੈ? ਕਰਦੇ ਤਾਂ ਹੋ ਨਾ ਫਿਰ ਕਿਓਂ ਨਹੀ ਕਹੀਏ ਕਰਦੀ ਤਾਂ ਹਾਂ। ਮੈਂ ਰਾਂਗ ਹਾਂ, ਰਾਇਟ ਹਾਂ, ਕਹਿਣ ਵਿੱਚ ਤੇ ਆਵੇਗਾ ਨਾ ਮੈਂ ਕਰਦੀ ਹਾਂ! ...ਤੁਸੀਂ ਨਹੀਂ ਕਰਦੀ ਹੋ? ਕਰਦਾ ਬਾਬਾ ਹੈ! ਉਹ ਬਾਪ ਹੈ ਕਰਾਵਨਹਾਰ ਲੇਕਿਨ ਕਰਨਹਾਰ ਤੇ ਤੁਸੀਂ ਹੋ ਨਾ। ਫਿਰ ' ਮੈਂ ' ਕਹਿਣਾ ਰਾਂਗ ਕਿਓਂ ਹੋਇਆ? ਉਵੇਂ ਜਦੋਂ ' ਮੈਂ ' ਸ਼ਬਦ ਦਾ ਵੀ ਪ੍ਰਯੋਗ ਕਰਦੇ ਹੋ ਤਾਂ ਅਸਲ ਵਿਚ ' ਮੈਂ ' ਸ਼ਬਦ ਕਿਸ ਦੇ ਨਾਲ ਲਗਦਾ ਹੈ? ਆਤਮਾ ਨਾਲ ਜਾਂ ਸ਼ਰੀਰ ਨਾਲ? ਮੈਂ ਕੌਣ? ਆਤਮਾ ਹੈ ਨਾ, ਸ਼ਰੀਰ ਤਾਂ ਨਹੀਂ ਹੈ? ਤਾਂ ਜੇਕਰ ਦੇਹੀ - ਅਭਿਮਾਨੀ ਬਣ, ਮੈਂ ਆਤਮਾ ਹਾਂ - ਇਸ ਸਮ੍ਰਿਤੀ ਨਾਲ ' ਮੈਂ ' ਸ਼ਬਦ ਯੂਜ਼ ਕਰਦੇ ਹੋ ਤਾਂ ਰਾਇਟ ਹੈ। ਲੇਕਿਨ ' ਮੈਂ ਸ਼ਬਦ ਬਾਡੀ ਕੰਸ਼ਿਆਸ ਦੇ ਰੂਪ ਵਿਚ ਜੇਕਰ ਯੂਜ਼ ਕਰਦੇ ਹਨ ਤਾਂ ਰਾਂਗ ਹੈ। ਸਾਰੇ ਦਿਨ ਵਿਚ ਇਹ ' ਮੈਂ ' ਸ਼ਬਦ ਬਹੁਤ ਆਉਂਦਾ ਹੈ ਅਤੇ ਆਉਣਾ ਹੀ ਹੈ। ਤਾਂ ਅਭਿਆਸ ਕਰੋ - ਜਦੋਂ ਵੀ ' ਮੈਂ ਸ਼ਬਦ ਕਹਿੰਦੇ ਹੋ ਤਾਂ ਮੈਂ ਕੌਣ? ਅਸਲ ਵਿੱਚ ' ਮੈਂ ' ਹੈ ਹੀ ਆਤਮਾ। ਸ਼ਰੀਰ ਨੂੰ ਮੇਰਾ ਕਹਿੰਦੇ ਹਨ। ਤਾਂ ' ਮੈਂ

ਸ਼ਬਦ ਜੇਕਰ ਆਤਮ ਅਭਿਮਾਨੀ ਬਣਕੇ ਕਹੋਗੇ ਤਾਂ ਆਤਮਾ ਨੂੰ ਬਾਪ ਖੁਦ ਯਾਦ ਹੈ। ਕਹਿਣ ਦੀ ਵੀ ਲੋੜ ਨਹੀਂ ਪਵੇਗੀ। ਹਾਂ ਹੀ ਮੈਂ ਆਤਮਾ -, ਇਹ ਅਭਿਆਸ ਪਾ ਲਵੋ। ਜਿਵੇਂ ਇਹ ਉਲਟਾ ਅਭਿਆਸ ਪੈ ਗਿਆ ਹੈ ਅਤੇ ਨੈਚੁਰਲ ਹੋ ਗਿਆ ਹੈ ਕਿ ਜਦੋਂ ' ਮੈਂ ' ਸ਼ਬਦ ਬੋਲਦੇ ਹੋ ਤਾਂ ਆਪਣਾ ਨਾਮ - ਰੂਪ ਸਮ੍ਰਿਤੀ ਵਿਚ ਆ ਜਾਂਦਾ ਹੈ। ਮੈਂ ਕੌਣ ਹਾਂ? ਮੈਂ ਫਲਾਣੀ ਹਾਂ। ਇਹ ਨੈਚੁਰਲ ਹੋ ਗਿਆ ਹੈ ਨਾ? ਸੋਚਣਾ ਨਹੀਂ ਪੈਂਦਾ ਹੈ। ਤਾਂ ਇਹ ਜੋ ਉਲਟੇ ਭਾਵ ਨਾਲ ' ਮੈਂ ' ਸ਼ਬਦ ਯੂਜ ਕਰਦੇ ਹੋ ਤਾਂ ਹੀ ਰਿਜਲਟ ਵਿੱਚ ਮੇਹਨਤ ਜਿਆਦਾ ਅਤੇ ਪ੍ਰਾਪਤੀ ਘਟ ਹੁੰਦੀ ਹੈ। ਕਈ ਬੱਚੇ ਕਹਿੰਦੇ ਹਨ ਅਸੀਂ ਤਾਂ ਬਹੁਤ ਸੇਵਾ ਕਰਦੇ ਹਾਂ, ਬਹੁਤ ਮੇਹਨਤ ਕਰਦੇ ਹਾਂ ਲੇਕਿਨ ਪ੍ਰਾਪਤੀ ਇੰਨੀ ਨਹੀਂ ਹੁੰਦੀ ਹੈ। ਉਸ ਦਾ ਕਰਨ ਕੀ? ਵਰਦਾਨ ਸਭ ਨੂੰ ਇੱਕ ਹੈ, 60 ਸਾਲ ਵਾਲਿਆਂ ਨੂੰ ਵੀ ਇੱਕ ਅਤੇ ਇੱਕ ਮਹੀਨੇ ਵਾਲਿਆਂ ਨੂੰ ਵੀ ਇੱਕ ਹੈ। ਖਜਾਨੇ ਸਭ ਨੂੰ ਇੱਕ ਜਿਹੇ ਹਨ। ਪਾਲਣਾ ਸਭ ਨੂੰ ਇੱਕ ਜਿਹੀ ਹੈ, ਦਿਨਚਰਿਆ, ਮਰਿਆਦਾ ਸਭ ਦੇ ਲਈ ਇੱਕ ਜਿਹੀ ਹੈ। ਦੂਸਰੀ - ਦੂਸਰੀ ਤਾਂ ਨਹੀਂ ਹੈ ਨਾ!. ਇਵੇਂ ਤਾਂ ਨਹੀਂ, ਵਿਦੇਸ਼ ਦੀਆਂ ਮਰਿਆਦਾਵਾਂ ਹੋਰ ਹਨ, ਇੰਡੀਆ ਦੀਆਂ ਹੋਰ ਹਨ, ਇਵੇਂ ਤੇ ਨਹੀਂ ਹੈ? ਥੋੜ੍ਹਾ - ਥੋੜ੍ਹਾ ਫਰਕ ਹੈ? ਨਹੀਂ ਹੈ? ਤਾਂ ਜਦ ਸਾਰੇ ਇੱਕ ਹਨ ਫਿਰ ਕਿਸੇ ਨੂੰ ਸਫਲਤਾ ਮਿਲਦੀ ਹੈ, ਕਿਸੇ ਨੂੰ ਘਟ ਮਿਲਦੀ ਹੈ - ਕਿਓਂ! ਕਾਰਣ? ਬਾਪ ਮਦਦ ਘਟ ਦਿੰਦਾ ਹੈ ਕੀ? ਕਿਸੇ ਨੂੰ ਜਿਆਦਾ ਦਿੰਦਾ ਹੋਵੇ, ਕਿਸੇ ਨੂੰ ਘੱਟ, ਇਵੇਂ ਹੈ? ਨਹੀਂ ਹੈ। ਫਿਰ ਕਿਉਂ ਹੁੰਦਾ ਹੈ? ਮਤਲਬ ਕੀ ਹੋਇਆ? ਆਪਣੀ ਗਲਤੀ ਹੈ। ਜਾਂ ਤਾਂ ਬਾਡੀ - ਕੰਸ਼ਿਅਸ ਵਾਲਾ ਮੈਂ - ਪਨ ਆ ਜਾਂਦਾ ਹੈ, ਜਾਂ ਕਦੇ - ਕਦੇ ਜੋ ਸਾਥੀ ਹੈ, ਉਨ੍ਹਾਂ ਦੀ ਸਫਲਤਾ ਨੂੰ ਵੇਖ ਈਰਖਾ ਵੀ ਆ ਜਾਂਦੀ ਹੈ। ਉਸ ਈਰਖਾ ਦੇ ਕਾਰਣ ਜੋ ਦਿਲ ਨਾਲ ਸੇਵਾ ਕਰਨੀ ਚਾਹੀਦੀ, ਉਹ ਦਿਮਾਗ ਨਾਲ ਕਰਦੇ ਹੋ ਲੇਕਿਨ ਦਿਲ ਤੋਂ ਨਹੀਂ। ਅਤੇ ਫਲ ਮਿਲਦਾ ਹੈ ਦਿਲ ਤੋਂ ਸੇਵਾ ਕਰਨ ਦਾ। ਕਈ ਵਾਰੀ ਬੱਚੇ ਦਿਮਾਗ ਯੂਜ ਕਰਦੇ ਹਨ ਲੇਕਿਨ ਦਿਲ ਅਤੇ ਦਿਮਾਗ ਦੋਵੇਂ ਮਿਲਾਕੇ ਨਹੀਂ ਕਰਦੇ। ਦਿਮਾਗ ਮਿਲਿਆ ਹੈ ਉਸਨੂੰ ਕੰਮ ਵਿੱਚ ਲਗਾਉਣਾ ਚੰਗਾ ਹੈ ਲੇਕਿਨ ਸਿਰਫ ਦਿਮਾਗ ਨਹੀਂ। ਜੋ ਦਿਲ ਤੋਂ ਕਰਦੇ ਹਨ ਤਾਂ ਦਿਲ ਤੋਂ ਕਰਨ ਵਾਲੇ ਦੇ ਦਿਲ ਵਿਚ ਬਾਪ ਦੀ ਯਾਦ ਵੀ ਸਦਾ ਰਹਿੰਦੀ ਹੈ। ਸਿਰਫ ਦਿਮਾਗ ਤੋਂ ਕਰਦੇ ਹੋ ਤਾਂ ਥੋੜ੍ਹਾ ਟਾਇਮ ਦਿਮਾਗ ਵਿਚ ਯਾਦ ਰਹੇਗਾ -, ਹਾਂ, ਬਾਬਾ ਹੀ ਕਰਾਉਣ ਵਾਲਾ ਹੈ, ਲੇਕਿਨ ਕੁਝ ਸਮੇਂ ਦੇ ਬਾਦ ਫਿਰ ਉਹ ਹੀ ਮੈਂ - ਪਨ ਆ ਜਾਵੇਗਾ ਇਸਲਈ ਦਿਮਾਗ ਅਤੇ ਦਿਲ ਦੋਵੇਂ ਦਾ ਬੇਲੇਂਸ ਰੱਖੋ।

ਤਾਂ ਸੁਣਾਇਆ ਡਾਇਮੰਡ ਜੁਬਲੀ ਵਿੱਚ ਕੀ ਕਰਨਾ ਹੈ? ਵਿਸ਼ੇਸ਼ ਬਚਤ ਦਾ ਖਾਤਾ ਜਮਾ ਕਰੋ। ਇਵੇਂ ਨਹੀਂ, ਕਿ ਸਾਰਾ ਦਿਨ ਮੇਰੇ ਤੋਂ ਕੋਈ ਅਜਿਹੀ ਗੱਲ ਨਹੀਂ ਹੋਈ, ਕਿਸੇ ਨੂੰ ਦੁੱਖ ਨਹੀਂ ਦਿੱਤਾ, ਕਿਸੇ ਨਾਲ ਕੁਝ ਖਿਟਪਿਟ ਨਹੀਂ ਹੋਈ ਮਤਲਬ ਗਵਾਇਆ ਨਹੀਂ। ਇਹ ਤਾ ਚੰਗੀ ਗੱਲ ਹੈ ਗਵਾਇਆ ਨਹੀਂ ਪਰ ਜਮਾਂ ਕੀਤਾ? ਸੇਵਾ ਵੀ ਕੀਤੀ ਤਾਂ ਆਪਣੇ ਰੂਹਾਨੀਅਤ ਨਾਲ ਸੇਵਾ ਵਿੱਚ ਸਫ਼ਲਤਾ ਪ੍ਰਾਪਤ ਕੀਤੀ? ਜਾਂ ਸਫਲਤਾ ਜਮਾ ਕੀਤੀ? ਤਾਂ ਸੇਵਾ ਵਿੱਚ ਸਮੇਂ ਲਗਾਇਆ - ਇਹ ਤਾਂ ਚੰਗੀ ਗੱਲ ਕੀਤੀ ਨਾ ਪਰ ਸੇਵਾ ਕਿਸ ਵਿਧੀ ਨਾਲ ਕੀਤੀ? ਕਈ ਕਹਿੰਦੇ ਹਨ ਅਸੀਂ ਤਾਂ ਸਾਰਾ ਦਿਨ ਇੰਨੀ ਸੇਵਾ ਵਿੱਚ ਬਿਜ਼ੀ ਰਹਿੰਦੇ ਹਾਂ ਜੋ ਆਪਣਾ ਹੀ ਨਹੀਂ ਪਤਾ ਰਹਿੰਦਾ। ਬਿਜ਼ੀ ਰਹਿੰਦੇ ਹਨ ਇਹ ਤੇ ਬਹੁਤ ਚੰਗਾ! ਪਰ ਸੇਵਾ ਦਾ ਪ੍ਰਤੱਖਫ਼ਲ ਜਮਾਂ ਹੋਇਆ। ਕੀ ਸਿਰਫ਼ ਮਿਹਤਨ ਕੀਤੀ? ਸੇਵਾ ਵਿੱਚ ਸਮਾਂ 8 ਘੰਟੇ ਲਗਾਇਆ ਪਰ 8 ਹੀ ਘੰਟੇ ਸੇਵਾ ਦੇ ਜਮਾਂ ਹੋਏ? ਸਾਰਾ ਜਮਾਂ ਹੋਇਆ? ਕਿ ਅੱਧਾ ਜਮਾ ਹੋਇਆ, ਅੱਧਾ ਭੱਜਦੌੜ ਵਿੱਚ, ਸੋਚਣ ਵਿੱਚ ਗਿਆ? ਸ਼੍ਰੇਸ਼ਠ ਸੰਕਲਪ, ਸ਼ੁਭ ਭਾਵਨਾ, ਸ਼ੁਭ ਕਾਮਨਾ ਦੇ ਸੰਕਲਪ ਜਮਾਂ ਹੁੰਦੇ ਹਨ। ਤਾਂ ਸਾਰੇ ਦਿਨ ਵਿੱਚ ਜਮਾਂ ਦਾ ਖਾਤਾ ਨੋਟ ਕਰੋ। ਜਦੋਂ ਜਮਾਂ ਦਾ ਖਾਤਾ ਵੱਧਦਾ ਜਾਏਗਾ ਤਾਂ ਖੁਦ ਹੀ ਡਾਇਮੰਡ ਬਣ ਹੀ ਜਾਣਾ ਹੈ। ਹੁਣ ਵੀ ਸਮੇਂ ਅਤੇ ਸੰਕਲਪ - ਨਾ ਚੰਗੇ ਵਿੱਚ, ਨਾ ਬੁਰੇ ਵਿੱਚ ਹੁੰਦੇ ਹਨ। ਤਾਂ ਬੁਰੇ ਵਿੱਚ ਨਹੀਂ ਹੋਇਆ ਇਹ ਤਾਂ ਬੱਚ ਗਏ ਪਰ ਚੰਗੇ ਵਿੱਚ ਜਮਾਂ ਹੋਇਆ? ਸਮਝਾ? ਸਮੇਂ ਨੂੰ, ਸੰਕਲਪ ਨੂੰ ਬਚਾਓ, ਜਿਨਾਂ ਹੁਣ ਬੱਚਤ ਕਰੋਗੇ, ਜਮਾਂ ਕਰੋਗੇ ਤਾਂ ਸਾਰਾ ਕਲਪ ਉਸੀ ਪ੍ਰਮਾਣ ਰਾਜ ਵੀ ਕਰੋਗੇ ਅਤੇ ਪੂਜਯ ਵੀ ਬਣੋਗੇ। ਭਾਵੇਂ ਦਵਾਪਰ ਤੋਂ ਸਾਕਾਰ ਰੂਪ ਵਿੱਚ ਤਾਂ ਡਿੱਗਦੀ ਕਲਾ ਵਿੱਚ ਆਉਂਦੇ ਹੋ ਪਰ ਤੁਹਾਡਾ ਜਮਾਂ ਕੀਤਾ ਹੋਇਆ ਖਾਤਾ ਤੁਹਾਡੇ ਜੜ੍ਹ ਚਿਤਰਾਂ ਦੀ ਪੂਜਾ ਕਰਾਉਂਦਾ ਹੈ। ਤਾਂ ਸਭ ਇਹ ਨੋਟ ਕਰਨਾ ਤਾਂ ਪਤਾ ਲੱਗ ਜਾਏਗਾ ਕਿ ਵਿਅਰਥ ਅਤੇ ਸਾਧਾਰਨ ਸਮੇਂ ਕਿੰਨਾ ਹੁੰਦਾ ਹੈ? ਸਾਧਾਰਨ ਸੰਕਲਪ ਕਿੰਨੇ ਹੁੰਦੇ ਹਨ? ਪਰ ਇੱਕ ਅਟੈਂਸ਼ਨ ਰੱਖਣਾ - ਜੇਕਰ ਮੰਨੋ ਤੁਹਾਡਾ ਅੱਜ ਦੇ ਦਿਨ ਜਮਾਂ ਦਾ ਖਾਤਾ ਬਹੁਤ ਘਟ ਹੋਇਆ ਤਾਂ ਘੱਟ ਦੇਖਕੇ ਦਿਲਸ਼ਿਕਸ਼ਤ ਨਹੀਂ ਹੋਣਾ। ਹੋਰ ਹੀ ਸਮਝੋ ਕਿ ਹੁਣ ਵੀ ਸਾਨੂੰ ਚਾਂਸ ਹੈ ਜਮਾਂ ਕਰਨ ਦਾ। ਆਪਣੇ ਨੂੰ ਉਮੰਗ - ਉਤਸ਼ਾਹ ਵਿੱਚ ਲਿਆਓ। ਆਪਣੇ ਆਪ ਨਾਲ ਰੇਸ ਕਰੋ, ਦੂਸਰੇ ਨਾਲ ਨਹੀਂ। ਆਪਣੇ ਆਪ ਨਾਲ ਰੇਸ ਕਰੋ ਕਿ ਅੱਜ ਜੇਕਰ 8 ਘੰਟੇ ਜਮਾਂ ਹੋਏ ਤਾਂ ਕਲ 10 ਘੰਟੇ ਹੋਣ। ਦਿਲਸ਼ਿਕਸ਼ਤ ਨਹੀਂ ਹੋਣਾ ਕਿਉਂਕਿ ਹੁਣ ਫਿਰ ਵੀ ਜਮਾਂ ਕਰਨ ਦਾ ਸਮਾਂ ਹੈ। ਹਾਲੇ ਟੂ ਲੇਟ ਦਾ ਬੋਰਡ ਨਹੀਂ ਲੱਗਿਆ ਹੈ। ਫਾਈਨਲ ਰਿਜ਼ਲਟ ਦਾ ਟਾਇਮ ਅਨਾਉਂਸ ਨਹੀਂ ਹੋਇਆ ਹੈ। ਜਿਵੇਂ ਲੌਕਿਕ ਵਿੱਚ ਪੇਪਰ ਦੀ ਡੇਟ ਫਾਈਨਲ ਹੋ ਜਾਂਦੀ ਹੈ ਤਾਂ ਚੰਗੇ ਪੁਰਸ਼ਾਰਥੀ ਕੀ ਕਰਦੇ ਹਨ? ਦਿਲਸ਼ਿਕਸ਼ਤ ਹੁੰਦੇ ਹਨ ਜਾਂ ਪੁਰਸ਼ਾਰਥ ਵਿੱਚ ਅੱਗੇ ਵਧਦੇ ਹਨ? ਤਾਂ ਤੁਸੀਂ ਵੀ ਦਿਲਸ਼ਿਕਸ਼ਤ ਨਹੀਂ ਬਣਨਾ। ਹੋਰ ਹੀ ਉਮੰਗ - ਉਤਸ਼ਾਹ ਵਿਚ ਆਕੇ ਦ੍ਰਿੜ੍ਹ ਸੰਕਲਪ ਕਰੋ ਕਿ ਮੈਨੂੰ ਆਪਣੇ ਜਮਾਂ ਦਾ ਖਾਤਾ ਵਧਾਉਣਾ ਹੀ ਹੈ। ਸਮਝਾ? ਅੱਛਾ।

ਚਾਰੋਂ ਪਾਸੇ ਦੇ ਜਯੰਤੀ ਦੀ ਮੁਬਾਰਕ ਦੇਣ ਵਾਲੇ ਬੱਚਿਆਂ ਨੂੰ, ਸਦਾ ਬਾਪ ਦੇ ਨਾਲ - ਨਾਲ ਰਹਿਣ ਵਾਲੇ ਕਮਬਾਇੰਡ ਰੂਪਧਾਰੀ ਬੱਚਿਆਂ ਨੂੰ, ਸਦਾ ਉਮੰਗ - ਉਤਸ਼ਾਹ ਦੇ ਦਵਾਰਾ ਖੁਦ ਨੂੰ ਅਤੇ ਹੋਰਾਂ ਨੂੰ ਅੱਗੇ ਵਧਾਉਣ ਵਾਲੇ ਬੱਚਿਆਂ ਨੂੰ, ਚਾਰੋਂ ਪਾਸੇ ਦੇ ਸੇਵਾ ਵਿੱਚ ਅੱਗੇ ਵਧਣ ਵਾਲੇ ਸੇਵਾਧਾਰੀ ਬੱਚਿਆਂ ਨੂੰ ਬਾਪਦਾਦਾ ਦੀ ਪਦਮ -ਪਦਮ ਗੁਣਾਂ ਮੁਬਾਰਕ ਹੋਵੇ। ਯਾਦ - ਪਿਆਰ ਦੇ ਨਾਲ ਬਾਪ ਵੀ ਬੱਚਿਆਂ ਦੀ ਮੁਬਾਰਕ, ਯਾਦ- ਪਿਆਰ ਸਵੀਕਾਰ ਕਰ ਰਹੇ ਹਨ। ਦੇਖ ਰਹੇ ਹਨ ਕਿ ਸਭ ਪਾਸੇ ਮੁਬਾਰਕ - ਮੁਬਾਰਕ ਦੇ ਦਿਲ ਦੇ ਗੀਤ ਵੱਜ ਰਹੇ ਹਨ। ਤਾਂ ਇਵੇਂ ਮੁਬਾਰਕ ਲੈਣ ਅਤੇ ਮੁਬਾਰਕ ਦੇਣ ਦੇ ਦੋਵਾਂ ਦੇ ਸੰਗਮ ਵਿਸ਼ੇਸ਼ ਯਾਦ -ਪਿਆਰ ਅਤੇ ਨਮਸਤੇ।

ਵਰਦਾਨ:- ਹਰ ਗੱਲ ਵਿੱਚ ਕਲਿਆਣ ਸਮਝਕੇ ਅਚਲ, ਅਡੋਲ ਮਹਾਂਵੀਰ ਬਣਨ ਵਾਲੇ ਤ੍ਰਿਕਾਲਦਰਸ਼ੀ ਭਵ

ਕੋਈ ਵੀ ਗੱਲ ਇੱਕ ਕਾਲ ਦੀ ਦ੍ਰਿਸ਼ਟੀ ਨਾਲ ਨਹੀਂ ਦੇਖੋ, ਤ੍ਰਿਕਾਲਦਰਸ਼ੀ ਹੋਕੇ ਦੇਖੋ, ਕਿਉਂ, ਕੀ ਦੇ ਬਜਾਏ ਸਦਾ ਇਹ ਹੀ ਸੰਕਲਪ ਰਹੇ ਕਿ ਜੋ ਹੋ ਰਿਹਾ ਹੈ ਉਸ ਵਿੱਚ ਕਲਿਆਣ ਹੈ। ਜੋ ਬਾਬਾ ਕਹੇ ਉਹ ਕਰਦੇ ਚੱਲੋ, ਫਿਰ ਬਾਬਾ ਜਾਣੇ ਬਾਬਾ ਦਾ ਕੰਮ ਜਾਣੇ। ਜਿਵੇਂ ਬਾਬਾ ਚਲਾਏ ਉਵੇਂ ਚੱਲੋ ਤਾਂ ਉਸ ਵਿੱਚ ਕਲਿਆਣ ਭਰਿਆ ਹੋਇਆ ਹੈ। ਇਸ ਨਿਸ਼ਚੇ ਨਾਲ ਕਦੀ ਡਗਮਗ ਨਹੀਂ ਹੋਣਗੇ। ਸੰਕਲਪ ਅਤੇ ਸੁਪਨੇ ਵਿੱਚ ਵੀ ਵਿਅਰਥ ਸੰਕਲਪ ਨਾ ਆਏ ਉਦੋਂ ਕਹਾਂਗੇ ਅਚਲ, ਅਡੋਲ ਮਹਾਵੀਰ।

ਸਲੋਗਨ:- ਤੱਪਸਵੀ ਉਹ ਹਨ ਜੋ ਸ਼੍ਰੀਮਤ ਦੇ ਇਸ਼ਾਰੇ ਪ੍ਰਮਾਣ ਸੈਕਿੰਡ ਵਿੱਚ ਨਿਆਰਾ ਅਤੇ ਪਿਆਰਾ ਬਣ ਜਾਵੇ।

******